بِسۡمِ اللّٰہِ الرَّحۡمٰنِ الرَّحِیۡم    نَحۡمَدُہٗ وَ نُصَلِّی عَلٰی رَسُوۡلِہِ الۡکَرِیۡم    وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਿਰੀਂਯਾ ਬਨੂ ਫ਼ਜ਼ਾਰਾ ਅਤੇ ਸਿਰੀਂਯਾ ਅਬਦੁੱਲਾਹ ਬਿਨ ਅਤੀਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 10 ਜਨਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਤੋਂ ਪਹਿਲਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਦੇ ਸਿਰੀਂਯਾਵਾਂ ਅਤੇ ਜੰਗਾਂ ਦਾ ਜ਼ਿਕਰ ਚੱਲ ਰਿਹਾ ਸੀ। ਉਸ ਵਿੱਚ ਬਨੂ ਫ਼ਜ਼ਾਰਾ ਦੇ ਸਿਰੀਂਯਾ ਦਾ ਵੀ ਜ਼ਿਕਰ ਹੋਇਆ ਸੀ।

ਇਤਿਹਾਸ ਵਿੱਚ ਬਨੂ ਫ਼ਜ਼ਾਰਾ ਦੇ ਵਿਰੁੱਧ ਸਿਰੀਂਯਾ ਵਿੱਚ ਇੱਕ ਵਾਕ਼ੇ ਦਾ ਜ਼ਿਕਰ ਮਿਲਦਾ ਹੈ, ਜਿਹੜਾ ਉੱਮਿ ਫ਼ੁਰਕ਼ਾ ਦੇ ਕ਼ਤਲ ਦਾ ਹੈ। ਕੁੱਝ ਇਤਿਹਾਸਕਾਰਾਂ ਨੇ ਇਸਨੂੰ ਜਿਸ ਤਰ੍ਹਾਂ ਲਿਖਿਆ ਹੈ, ਉਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਹਕ਼ੀਕ਼ਤ ਦੇ ਖ਼ਿਲਾਫ਼ ਵਾਕ਼ਿਆ ਹੈ। ਇਸ ਵਾਕ਼ਿਆ ਦਾ ਜ਼ਿਕਰ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਬੜੀ ਦਲੀਲ ਨਾਲ ਅਤੇ ਬੜੀ ਚੰਗੀ ਤਰ੍ਹਾਂ ਕੀਤਾ ਹੈ। ਆਪ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ ਕਿ ਸਿਰੀਂਯਾ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੀ ਜਗ੍ਹਾ ਇਬਨਿ ਸਾਅਦ ਨੇ ਇੱਕ ਅਜਿਹੇ ਸਿਰੀਂਯਾ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ ਜ਼ੈਦ ਬਿਨ ਹਾਰਸਾ ਅਮੀਰ ਸਨ, ਯਾਨੀ ਇਬਨਿ ਸਾਅਦ ਇਸ ਸਿਰੀਂਯਾ ਵਿੱਚ ਹਜ਼ਰਤ ਅਬੂ ਬਕਰ ਦੀ ਬਜਾਏ ਜ਼ੈਦ ਬਿਨ ਹਾਰਸਾ ਨੂੰ ਅਮੀਰ ਬਿਆਨ ਕਰਦਾ ਹੈ ਅਤੇ ਤਫ਼ਸੀਲ ਵਿੱਚ ਵੀ ਕੁੱਝ ਅਸਹਿਮਤੀ ਕਰਦੇ ਹੋਏ ਲਿਖਦਾ ਹੈ ਕਿ ਇਹ ਬਨੂ ਫ਼ਜ਼ਾਰਾ ਦੀ ਮੁਹਿੰਮ ਡਰਾਵੇ ਲਈ ਸੀ, ਜਿਹੜੇ ਵਾਦਿਉਲ ਕ਼ੁਰਾ ਦੇ ਨੇੜੇ ਆਬਾਦ ਸਨ ਅਤੇ ਜਿਨ੍ਹਾਂ ਨੇ ਮੁਸਲਮਾਨਾਂ ਦੇ ਇੱਕ ਵਪਾਰਿਕ ਕ਼ਾਫ਼ਲੇ ਉੱਤੇ ਛਾਪਾ ਮਾਰ ਕੇ, ਉਸਦਾ ਸਾਰਾ ਮਾਲ ਲੁੱਟ ਲਿਆ ਸੀ। ਇਸ ਫ਼ਸਾਦੀ ਗਿਰੋਹ ਦੀ ਕਰਤਾ ਧਰਤਾ ਇੱਕ ਬੁੱਢੀ ਔਰਤ ਸੀ, ਜਿਸਦਾ ਨਾਂ ਉੱਮਿ ਫ਼ੁਰਕ਼ਾ ਸੀ ਅਤੇ ਇਸਲਾਮ ਦੀ ਸਖ਼ਤ ਦੁਸ਼ਮਣ ਸੀ। ਜਦ ਇਹ ਔਰਤ ਇਸ ਲੜਾਈ ਵਿੱਚ ਫੜੀ ਗਈ ਤਾਂ ਜ਼ੈਦ ਬਿਨ ਹਾਰਸਾ ਦੀ ਪਾਰਟੀ ਦੇ ਇੱਕ ਕ਼ੈਸ ਨਾਮੀ ਵਿਅਕਤੀ ਨੇ ਇਸ ਔਰਤ ਨੂੰ ਕ਼ਤਲ ਕਰ ਦਿੱਤਾ। ਇਬਨਿ ਸਾਅਦ ਇਸ ਕ਼ਤਲ ਦਾ ਕ਼ਿੱਸਾ ਇੰਝ ਬਿਆਨ ਕਰਦਾ ਹੈ ਕਿ ਉਸਦੇ ਦੋਹੇਂ ਪੈਰ ਦੋ ਵੱਖ ਵੱਖ ਊਠਾਂ ਨਾਲ ਬਨ੍ਹ ਦਿੱਤੇ ਗਏ ਅਤੇ ਫਿਰ ਉਨ੍ਹਾਂ ਊਠਾਂ ਨੂੰ ਦੋਹਾਂ ਵੱਖ ਪਾਸਿਆਂ ਵੱਲ ਹੰਕਾਇਆ ਗਿਆ, ਜਿਸਦੇ ਨਤੀਜੇ ਵਿੱਚ ਉਹ ਔਰਤ ਵਿਚਾਲੋਂ ਚਿਰ ਕੇ ਦੋ ਟੁਕੜੇ ਹੋ ਗਈ ਅਤੇ ਉਸਦੇ ਬਾਅਦ ਵਿੱਚ ਉਸ ਔਰਤ ਨੂੰ ਉਸਦੀ ਲੜਕੀ ਸਲਮਾ ਬਿਨ ਅਕਵਅ ਦੇ ਸਪੁਰਦ ਕਰ ਦਿੱਤਾ ਗਿਆ। ਇਹੀ ਕ਼ਿੱਸਾ ਕਿਸੇ ਤਰ੍ਹਾਂ ਸੰਖੇਪ ਅਤੇ ਭਿੰਨਤਾ ਨਾਲ ਇਬਨਿ ਇਸਹਾਕ਼ ਨੇ ਵੀ ਬਿਆਨ ਕੀਤਾ ਹੈ।

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਇਹ ਵਾਕ਼ਿਆ ਬਿਲਕੁਲ ਗ਼ਲਤ ਅਤੇ ਕ਼ਤਈ ਬੇ ਬੁਨਿਆਦ ਹੈ ਅਤੇ ਨਕ਼ਲ ਅਤੇ ਅਕ਼ਲ, ਹਰ ਲਿਹਾਜ਼ ਨਾਲ ਇਸਦਾ ਬਨਾਉਟੀ ਹੋਣਾ ਸਾਬਿਤ ਹੈ। ਅਕ਼ਲੀ ਤੌਰ 'ਤੇ ਤਾਂ ਇਹ ਜਾਨਣਾ ਚਾਹੀਦਾ ਹੈ ਕਿ ਇੱਕ ਔਰਤ, ਜਿਸ 'ਤੇ ਕ਼ਤਲ ਦਾ ਕੋਈ ਇਲਜ਼ਾਮ ਨਹੀਂ ਹੈ, ਕ਼ੈਦ ਕਰਕੇ ਕ਼ਤਲ ਕਰਨਾ ਅਤੇ ਫਿਰ ਕ਼ਤਲ ਵੀ ਇਸ ਤਰ੍ਹਾਂ ਕਰਨਾ ਜਿਹੜਾ ਇਸ ਰਿਵਾਇਤ ਵਿੱਚ ਬਿਆਨ ਕੀਤਾ

ਗਿਆ ਹੈ, ਇਹ ਇੱਕ ਬਹੁਤ ਦੂਰ ਦੀ ਗੱਲ ਹੈ। ਇਸਲਾਮ ਤਾਂ ਐਨ ਜੰਗ ਦੇ ਮੈਦਾਨ ਵਿੱਚ ਵੀ ਔਰਤ ਦੇ ਕ਼ਤਲ ਨੂੰ ਸਖ਼ਤੀ ਦੇ ਨਾਲ਼ ਰੋਕਦਾ ਹੈ। ਇਸ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਈ ਵਾਰ ਸਪਸ਼ਟ ਫ਼ਰਮਾਇਆ ਕਿ ਔਰਤਾਂ ਨੂੰ ਕ਼ਤਲ ਨਹੀਂ ਕਰਨਾ। ਹਦੀਸ ਵਿੱਚ ਆਉਂਦਾ ਹੈ ਕਿ ਇੱਕ ਵਾਰ ਮੈਦਾਨਿ ਜੰਗ ਵਿੱਚ ਕਿਸੇ ਦੁਸ਼ਮਣ ਕ਼ਬੀਲੇ ਦੀ ਇੱਕ ਔਰਤ ਕ਼ਤਲ ਹੋਈ ਪਾਈ ਗਈ ਤਾਂ ਬਾਵਜੂਦ ਇਸਦੇ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਹੜੇ ਹਾਲਾਤਾਂ ਵਿੱਚ ਅਤੇ ਕਿਸਦੇ ਹੱਥੋਂ ਕ਼ਤਲ ਹੋਈ ਹੈ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਨੂੰ ਦੇਖ ਕੇ ਬਹੁਤ ਨਾਰਾਜ਼ ਹੋਏ ਅਤੇ ਸਹਾਬਾ ਰਜ਼ਿ ਅੱਲਾਹੁ ਅਨਹੁਮ ਨੂੰ ਇਹ ਤਾਕੀਦ ਕੀਤੀ ਕਿ ਅਜਿਹਾ ਕੰਮ ਅਗਾਂਹ ਤੋਂ ਨਹੀਂ ਹੋਣਾ ਚਾਹੀਦਾ। ਇਸੇ ਤਰ੍ਹਾਂ ਜਦ ਕਦੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਈ ਦਸਤਾ ਰਵਾਨਾ ਕਰਦੇ ਤਾਂ ਹੋਰ ਨਸੀਹਤਾਂ ਦੇ ਨਾਲ਼ ਸਹਾਬਾ ਰਜ਼ਿ ਅੱਲਾਹੁ ਅਨਹੁਮ ਨੂੰ ਇਹ ਨਸੀਹਤ ਵੀ ਕਰਦੇ ਕਿ ਕਿਸੇ ਔਰਤ ਅਤੇ ਬੱਚੇ ਨੂੰ ਕ਼ਤਲ ਨਹੀਂ ਕਰਨਾ।

ਇਨ੍ਹਾਂ ਅਸੂਲੀ ਹਿਦਾਇਤਾਂ ਦੇ ਹੁੰਦੇ ਹੋਏ ਸਹਾਬਾ ਰਜ਼ਿ ਅੱਲਾਹੁ ਅਨਹੁਮ ਦੇ ਬਾਰੇ ਅਤੇ ਸਹਾਬਾ ਵਿੱਚੋਂ ਵੀ ਜ਼ੈਦ ਬਿਨ ਹਾਰਸਾ ਰਜ਼ਿ ਅੱਲਾਹੁ ਅਨਹੁ ਦੇ ਬਾਰੇ, ਜਿਹੜੇ ਜਿਵੇਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਘਰ ਦੇ ਹੀ ਬੰਦੇ ਸਨ, ਇਹ ਖ਼ਿਆਲ ਕਰਨਾ ਕਿ ਉਨ੍ਹਾਂ ਨੇ ਕਿਸੇ ਔਰਤ ਨੂੰ ਇਸ ਤਰ੍ਹਾਂ ਕ਼ਤਲ ਕੀਤਾ ਜਾਂ ਕਰਵਾਇਆ ਸੀ, ਹਰਗਿਜ਼ ਕ਼ਾਬਿਲਿ ਕ਼ਬੂਲ ਨਹੀਂ ਹੋ ਸਕਦਾ। ਭਾਂਵੇਂ ਰਿਵਾਇਤ ਵਿੱਚ ਕ਼ਤਲ ਕਰਨ ਦਾ ਕੰਮ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਵੱਲ ਮਨਸੂਬ ਕੀਤਾ ਗਿਆ ਹੈ ਬਲਕਿ ਇੱਕ ਦੂਸਰੇ ਮੁਸਲਮਾਨ ਵੱਲ ਵੀ ਮਨਸੂਬ ਕੀਤਾ ਗਿਆ ਹੈ। ਪਰ ਜਦ ਇੱਕ ਵਾਕ਼ਿਆ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਦੀ ਕਮਾਨ ਵਿੱਚ ਹੋਇਆ ਤਾਂ ਇਸਦੀ ਆਖ਼ਰੀ ਜ਼ਿੰਮੇਦਾਰੀ ਵੀ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ 'ਤੇ ਹੀ ਸਮਝੀ ਜਾਵੇਗੀ। ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਦੇ ਬਾਰੇ ਇਹ ਖ਼ਿਆਲ ਕਰਨਾ ਕਿ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਿੱਖਿਆ ਨੂੰ ਜਾਣਦੇ ਹੋਏ ਵੀ ਇਸ ਕ਼ਿਸਮ ਦੇ ਕੰਮ ਦੀ ਇਜਾਜ਼ਤ ਦਿੱਤੀ, ਹਰਗਿਜ਼ ਕ਼ਾਬਿਲਿ ਕ਼ਬੂਲ ਨਹੀਂ ਹੋ ਸਕਦਾ।

ਹੁਣ ਰਿਹਾ ਨਕ਼ਲੀ ਤੌਰ 'ਤੇ! ਸੋ ਪਹਿਲਾਂ ਤਾਂ ਇਬਨਿ ਸਾਅਦ ਅਤੇ ਇਬਨਿ ਇਸਹਾਕ਼ ਨੇ ਇਸ ਰਿਵਾਇਤ ਦੀ ਕੋਈ ਸਨਦ ਨਹੀਂ ਦਿੱਤੀ ਅਤੇ ਬਗ਼ੈਰ ਕਿਸੇ ਮੁਅਤਬਿਰ ਸਨਦ ਦੇ ਇਸ ਕ਼ਿਸਮ ਦੀ ਰਿਵਾਇਤ ਜਿਹੜੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਪਸ਼ਟ ਹਿਦਾਇਤ ਅਤੇ ਸਹਾਬਾ ਰਜ਼ਿ ਅੱਲਾਹੁ ਅਨਹੁਮ ਦੇ ਆਮ ਅਤੇ ਜਾਣੂ ਤਰੀਕ਼ੇ ਦੇ ਖ਼ਿਲਾਫ਼ ਹੋਵੇ, ਹਰਗਿਜ਼ ਕ਼ਬੂਲ ਨਹੀਂ ਕੀਤੀ ਜਾ ਸਕਦੀ। ਦੂਸਰਾ ਇਹ ਕਿ ਇਹੀ ਵਾਕ਼ਿਆ ਹਦੀਸ ਦੀ ਨਿਹਾਇਤ ਮੁਅਤਬਿਰ ਕਿਤਾਬਾਂ ਮੁਸਲਿਮ ਸ਼ਰੀਫ਼ ਅਤੇ ਸੁਨਨ ਅਬੂ ਦਾਊਦ ਵਿੱਚ ਬਿਆਨ ਹੋਇਆ ਹੈ, ਪਰ ਇਸ ਵਿੱਚ ਉੱਮਿ ਫ਼ੁਰਕ਼ਾ ਦੇ ਕ਼ਤਲ ਦਾ ਕ਼ਤਈ ਕੋਈ ਜ਼ਿਕਰ ਨਹੀਂ ਹੈ ਅਤੇ ਕੁੱਝ ਦੂਸਰੀਆਂ ਤਫ਼ਸੀਲਾਂ ਵਿੱਚ ਵੀ ਇਸ ਬਿਆਨ ਦਾ ਇਬਨਿ ਸਾਅਦ ਦੇ ਬਿਆਨ ਨਾਲ਼ ਇਖ਼ਤਿਲਾਫ਼ ਹੈ।

ਅਤੇ ਕਿਉਂਕਿ ਸਹੀ ਹਦੀਸਾਂ ਆਮ ਇਤਿਹਾਸਿਕ ਰਿਵਾਇਤਾਂ ਤੋਂ ਯਕ਼ੀਨਨ ਅਤੇ ਪੱਕੇ ਤੌਰ 'ਤੇ ਬਹੁਤ ਜ਼ਿਆਦਾ ਮਜ਼ਬੂਤ ਹੁੰਦੀਆਂ ਹਨ, ਇਸ ਲਈ ਸਹੀ ਮੁਸਲਿਮ ਅਤੇ ਸੁਨਨ ਅਬੂ ਦਾਊਦ ਦੀ ਰਿਵਾਇਤ ਦੇ ਸਾਹਮਣੇ ਇਬਨਿ ਸਾਅਦ ਆਦਿ ਦੀਆਂ ਰਿਵਾਇਤਾਂ ਕੋਈ ਵਜ਼ਨ ਨਹੀਂ ਰੱਖਦੀਆਂ। ਇਹ ਫ਼ਰਕ਼ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦ ਅਸੀਂ ਇਸ ਗੱਲ ਨੂੰ ਮੱਦਿ ਨਜ਼ਰ ਰੱਖੀਏ ਕਿ ਜਿੱਥੇ ਇਬਨਿ ਸਾਅਦ ਅਤੇ ਇਬਨਿ ਇਸਹਾਕ਼ ਨੇ ਆਪਣੀਆਂ ਰਿਵਾਇਤਾਂ ਨੂੰ ਇੰਝ ਹੀ ਬਿਨਾ ਸਨਦ ਦੇ ਬਿਆਨ ਕੀਤਾ ਹੈ, ਉੱਥੇ ਇਮਾਮ ਮੁਸਲਿਮ ਅਤੇ ਅਬੂ ਦਾਊਦ ਨੇ ਆਪਣੀਆਂ ਰਿਵਾਇਤਾਂ ਦੀ ਪੂਰੀ ਪੂਰੀ ਸਨਦ ਦਿੱਤੀ ਹੈ। ਅਤੇ ਉਂਝ ਵੀ ਹਦੀਸ ਬਿਆਨ ਕਰਨ ਵਾਲਿਆਂ ਦੀ ਸਾਵਧਾਨੀ ਦੇ ਮੁਕ਼ਾਬਲੇ ਵਿੱਚ, ਜਿਨ੍ਹਾਂ ਨੇ ਨਿਹਾਇਤ ਸਾਵਧਾਨੀ ਨਾਲ਼ ਕੰਮ ਕੀਤਾ ਹੈ, ਇਤਿਹਾਸਕਾਰਾਂ ਦੀਆਂ ਆਮ ਰਿਵਾਇਤਾਂ ਕੋਈ ਹਕ਼ੀਕ਼ਤ ਨਹੀਂ ਰੱਖਦੀਆਂ। ਇਸ ਲਈ ਇਸ ਗੱਲ ਵਿੱਚ ਹਰਗਿਜ਼ ਕੋਈ ਸ਼ੱਕ ਨਹੀਂ ਰਹਿੰਦਾ ਕਿ ਉੱਮਿ ਫ਼ੁਰਕ਼ਾ ਦੇ ਜ਼ਾਲਿਮਾਨਾ ਕ਼ਤਲ ਦਾ ਵਾਕ਼ਿਆ ਇੱਕ ਬਿਲਕੁਲ ਝੂਠਾ ਅਤੇ ਬੇ ਬੁਨਿਆਦ ਵਾਕ਼ਿਆ ਹੈ, ਜਿਹੜਾ ਕਿਸੇ ਇਸਲਾਮ ਦੇ ਖ਼ੁਫ਼ਿਆ ਦੁਸ਼ਮਣ ਨੇ ਅਤੇ ਮੁਨਾਫ਼ਿਕ਼ ਦੀ ਮਿਹਰਬਾਨੀ ਨਾਲ਼ ਕੁੱਝ ਇਤਿਹਾਸਿਕ ਰਿਵਾਇਤਾਂ ਵਿੱਚ ਰਾਹ ਪਾ ਗਿਆ ਅਤੇ ਸੱਚ ਇਹ ਹੈ ਕਿ ਇਸ ਸਿਰਿੱਯਾ ਦੀ ਹਕ਼ੀਕ਼ਤ ਇਸ ਤੋਂ ਵਧ ਕੇ ਕੁੱਝ ਨਹੀਂ ਜਿਹੜੀ ਮੁਸਲਿਮ ਅਤੇ ਅਬੂ ਦਾਊਦ ਨੇ ਬਿਆਨ ਕੀਤੀ ਹੈ।

ਇੱਕ ਸਿਰਿੱਯਾ ਅਬਦੁੱਲਾਹ ਬਿਨ ਅਤੀਕ ਹੈ, ਇਸਦਾ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ, ਜਿਹੜਾ ਅਬੂ ਰਾਫ਼ਿਅ ਦੇ ਵੱਲ ਸੀ। ਇਬਨਿ ਸਾਅਦ ਨੇ ਬਿਆਨ ਕੀਤਾ ਹੈ ਕਿ ਇਹ ਸਿਰਿੱਯਾ 06 ਹਿਜਰੀ ਵਿੱਚ ਹੋਇਆ।

ਇਸਦੀ ਤਫ਼ਸੀਲ ਵਿੱਚ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਜਿਨ੍ਹਾਂ ਯਹੂਦੀ ਸਰਦਾਰਾਂ ਦੇ ਫ਼ਸਾਦੀ ਉਕਸਾਵਿਆਂ ਨਾਲ 05 ਹਿਜਰੀ ਦੇ ਆਖ਼ਿਰ ਵਿੱਚ ਮੁਸਲਮਾਨਾਂ ਦੇ ਖ਼ਿਲਾਫ਼ ਜੰਗਿ ਅਹਜ਼ਾਬ ਦਾ ਖ਼ਤਰਨਾਕ ਫ਼ਿਤਨਾ ਉੱਠਿਆ ਸੀ, ਉਨ੍ਹਾਂ ਵਿੱਚੋਂ ਹੁੱਈ ਬਿਨ ਅਖ਼ਤਬ ਤਾਂ ਬਨੂ ਕ਼ੁਰੈਜ਼ਾ ਦੇ ਨਾਲ ਸੋਧਿਆ ਗਿਆ ਸੀ ਪਰ ਸਲਾਮ ਬਿਨ ਅਬਿਲ ਹਕ਼ੀਕ਼ ਜਿਸਦੀ ਕੁਨਿਅਤ ਅਬੂ ਰਾਫ਼ਿਅ ਸੀ, ਅਜੇ ਤੱਕ ਖ਼ੈਬਰ ਦੇ ਇਲਾਕ਼ੇ ਵਿੱਚ ਉਸੇ ਤਰ੍ਹਾਂ ਅਜ਼ਾਦ ਅਤੇ ਆਪਣੇ ਉਕਸਾਊ ਕੰਮਾਂ ਵਿੱਚ ਰੁੱਝਿਆ ਸੀ। ਬਲਕਿ ਅਹਜ਼ਾਬ ਦੀ ਜ਼ਿੱਲਤ ਭਰੀ ਨਾਕਾਮੀ ਅਤੇ ਫਿਰ ਬਨੂ ਕ਼ੁਰੈਜ਼ਾ ਦੇ ਹੌਲਨਾਕ ਅੰਜਾਮ ਨੇ ਇਸਦੀ ਦੁਸ਼ਮਣੀ ਨੂੰ ਹੋਰ ਵੀ ਵਧਾ ਦਿੱਤਾ। ਅਤੇ ਕਿਉਂਕਿ ਗ਼ਤਫ਼ਾਨ ਦੇ ਕ਼ਬੀਲਿਆਂ ਦੀ ਰਿਹਾਇਸ਼ ਖ਼ੈਬਰ ਦੇ ਨੇੜੇ ਸੀ ਅਤੇ ਖ਼ੈਬਰ ਦੇ ਯਹੂਦੀ ਅਤੇ ਨਜਦ ਦੇ ਕ਼ਬੀਲੇ ਆਪਸ ਵਿੱਚ ਲੱਗ ਭੱਗ ਗਵਾਂਢੀ ਸਨ, ਇਸ ਲਈ ਹੁਣ ਅਬੂ ਰਾਫ਼ਿਅ ਨੇ ਜਿਹੜਾ ਕਿ ਇੱਕ ਬਹੁਤ ਵੱਡਾ ਵਪਾਰੀ ਅਤੇ ਅਮੀਰ ਕਬੀਰ ਇਨਸਾਨ ਸੀ, ਦਸਤੂਰ ਬਣਾ ਲਿਆ ਸੀ ਕਿ ਨਜਦ ਦੇ ਵਹਸ਼ੀ ਅਤੇ ਜੰਗਜੂ ਕ਼ਬੀਲਿਆਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਉਕਸਾਉਂਦਾ ਰਹਿੰਦਾ ਸੀ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਦੁਸ਼ਮਣੀ ਵਿੱਚ ਉਹ ਕਾਅਬ ਬਿਨ ਅਸ਼ਰਫ਼ ਦਾ ਪੂਰਾ ਪੂਰਾ ਸਾਨੀ ਸੀ। ਅਬੂ ਰਾਫ਼ਿਅ ਨੇ ਇਹ ਵਿਉਂਤ ਕੀਤੀ ਕਿ ਜੰਗਿ ਅਹਜ਼ਾਬ ਦੀ ਤਰ੍ਹਾਂ ਨਜਦ ਦੇ ਕ਼ਬੀਲੇ ਗ਼ਤਫ਼ਾਨ ਅਤੇ ਦੂਸਰੇ ਕ਼ਬੀਲਿਆਂ ਦਾ ਫਿਰ ਤੋਂ ਦੌਰਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੁਸਲਮਾਨਾਂ ਨੂੰ ਤਬਾਹ ਕਰਨ ਲਈ ਇੱਕ ਵੱਡੀ ਸੇਨਾ ਜਮ੍ਹਾ ਕਰਨੀ ਸ਼ੁਰੂ ਕਰ ਦਿੱਤੀ। ਜਦ ਨੌਬਤ ਇੱਥੋਂ ਤੱਕ ਪਹੁੰਚ ਗਈ ਅਤੇ ਮੁਸਲਮਾਨਾਂ ਦੀਆਂ ਅੱਖਾਂ ਦੇ ਸਾਹਮਣੇ ਫਿਰ ਉਹੀ ਅਹਜ਼ਾਬ ਵਾਲੇ ਨਜ਼ਾਰੇ ਫਿਰਨ ਲੱਗ ਗਏ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ ਗੱਲ ਨੂੰ ਸੋਚਦੇ ਹੋਏ ਕਿ ਮੁਲਕ ਵਿੱਚ ਵੱਡੇ ਖ਼ੂਨ ਖ਼ਰਾਬੇ ਦੀ ਬਜਾਏ ਇੱਕ ਫ਼ਸਾਦੀ ਅਤੇ ਫ਼ਿਤਨਾ ਭੜਕਾਉਣ ਵਾਲੇ ਆਦਮੀ ਦਾ ਮਾਰਿਆ ਜਾਣਾ ਬਹੁਤ ਬੇਹਤਰ ਹੈ, ਅਬਦੁੱਲਾਹ ਬਿਨ ਅਤੀਕ ਅੰਸਾਰੀ ਰਜ਼ਿ ਅੱਲਾਹੁ ਅਨਹੁ ਦੀ ਸਰਦਾਰੀ ਵਿੱਚ ਚਾਰ ਖ਼ਜ਼ਰਜੀ ਸਹਾਬੀਆਂ ਨੂੰ ਅਬੂ ਰਾਫ਼ਿਅ ਦੇ ਵੱਲ ਰਵਾਨਾ ਕੀਤਾ, ਪਰ ਚੱਲਦੇ ਹੋਏ ਇਹ ਤਾਕੀਦ ਕੀਤੀ ਕਿ ਦੇਖਣਾ ਕਿਸੇ ਔਰਤ ਜਾਂ ਬੱਚੇ ਨੂੰ ਹਰਗਿਜ਼ ਕ਼ਤਲ ਨਾ ਕਰਨਾ। ਫਲਸਰੂਪ 06 ਹਿਜਰੀ ਦੇ ਰਮਜ਼ਾਨ ਦੇ ਮਹੀਨੇ ਵਿੱਚ ਇਹ ਪਾਰਟੀ ਰਵਾਨਾ ਹੋਈ ਅਤੇ ਨਿਹਾਇਤ ਹੁਸ਼ਿਆਰੀ ਨਾਲ ਆਪਣਾ ਕੰਮ ਕਰ ਕੇ ਵਾਪਿਸ ਆ ਗਈ। ਅਤੇ ਇਸ ਤਰ੍ਹਾਂ ਇਸ ਮੁਸੀਬਤ ਦੇ ਬਦੱਲ ਮਦੀਨੇ ਦੀ ਫ਼ਿਜ਼ਾ ਤੋਂ ਟਲ ਗਏ।

ਅਬੂ ਰਾਫ਼ਿਅ ਦੇ ਕ਼ਤਲ ਦੇ ਬਾਅਦ ਉਸਦੇ ਕ਼ਿਲ੍ਹੇ ਵਿੱਚਲੇ ਮਕਾਨ ਦੀਆਂ ਪੌੜੀਆਂ ਛੇਤੀ ਛੇਤੀ ਉੱਤਰਦੇ ਹੋਏ ਅਬਦੁੱਲਾਹ ਬਿਨ ਅਤੀਕ ਰਜ਼ਿ ਅੱਲਾਹੁ ਅਨਹੁ ਦੀ ਲੱਤ ਟੁੱਟ ਗਈ (ਅਤੇ ਇੱਕ ਰਿਵਾਇਤ ਵਿੱਚ ਇੰਝ ਹੈ ਕਿ ਲੱਤ ਦਾ ਜੋੜ ਉੱਤਰ ਗਿਆ)। ਉਨ੍ਹਾਂ ਦਾ ਆਪਣਾ ਬਿਆਨ ਹੈ ਕਿ ਫਿਰ ਅਸੀਂ ਮਦੀਨੇ ਆ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅਬੂ ਰਾਫ਼ਿਅ ਦੇ ਕ਼ਤਲ ਦੀ ਸੂਚਨਾ ਦਿੱਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਾਰਾ ਵਾਕ਼ਿਆ ਸੁਣ ਕੇ ਮੈਨੂੰ ਇਰਸ਼ਾਦ ਕੀਤਾ ਕਿ ਆਪਣਾ ਪੈਰ ਅੱਗੇ ਕਰੋ, ਮੈਂ ਪੈਰ ਅੱਗੇ ਕੀਤਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੁਆ ਮੰਗਦੇ ਹੋਏ ਆਪਣਾ ਪਵਿੱਤਰ ਹੱਥ ਫੇਰਿਆ, ਜਿਸਦੇ ਬਾਅਦ ਮੈਨੂੰ ਇੰਝ ਮਹਿਸੂਸ ਹੋਇਆ ਕਿ ਜਿਵੇਂ ਮੈਨੂੰ ਕੋਈ ਤਕਲੀਫ਼ ਹੋਈ ਹੀ ਨਹੀਂ ਸੀ।

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਅਬੂ ਰਾਫ਼ਿਅ ਦੇ ਕ਼ਤਲ ਦੇ ਜਾਇਜ਼ ਹੋਣ ਦੇ ਬਾਰੇ ਸਾਨੂੰ ਇਸ ਜਗ੍ਹਾ ਕਿਸੇ ਬਹਿਸ ਵਿੱਚ ਪੈਣ ਦੀ ਲੋੜ ਨਹੀਂ ਹੈ। ਅਬੂ ਰਾਫ਼ਿਅ ਦੀਆਂ ਖ਼ੂਨ ਪੀਣੀਆਂ ਕਾਰਵਾਈਆਂ ਇਤਿਹਾਸ ਦਾ ਖੁੱਲ੍ਹਾ ਪੰਨਾ ਹਨ।

ਇਨ੍ਹਾਂ ਹਾਲਾਤਾਂ ਵਿੱਚ ਸਹਾਬਾ ਨੇ ਜੋ ਕੁੱਝ ਕੀਤਾ ਉਹ ਬਿਲਕੁਲ ਸਹੀ ਸੀ। ਅਤੇ ਜੰਗ ਦੀ ਹਾਲਤ ਵਿੱਚ ਜਦ ਇੱਕ ਕ਼ੌਮ ਜ਼ਿੰਦਗੀ ਅਤੇ ਮੌਤ ਦੇ ਮਾਹੌਲ 'ਚੋਂ ਲੰਘ ਰਹੀ ਹੋਵੇ, ਇਸ ਕ਼ਿਸਮ ਦੀਆਂ ਵਿਉਂਤਾਂ ਬਿਲਕੁਲ ਜਾਇਜ਼ ਸਮਝੀਆਂ ਜਾਂਦੀਆਂ ਹਨ ਅਤੇ ਹਰ ਕ਼ੌਮ ਇਨ੍ਹਾਂ ਨੂੰ ਲੋੜ ਮੁਤਾਬਿਕ਼ ਹਰ ਜ਼ਮਾਨੇ ਵਿੱਚ ਅਪਣਾਉਂਦੀ ਹੈ। ਪਰ ਅਫ਼ਸੋਸ ਹੈ ਕਿ ਮੌਜੂਦਾ ਅਖ਼ਲਾਕ਼ੀ ਤਬਾਹੀ ਦੇ ਜ਼ਮਾਨੇ ਵਿੱਚ ਮੁਜਰਿਮ ਦੇ ਨਾਲ ਹਮਦਰਦੀ ਦਾ ਜਜ਼ਬਾ ਇਸ ਨਜਾਇਜ਼ ਹੱਦ ਤੱਕ ਵਧ ਗਿਆ ਹੈ ਇੱਕ ਜ਼ਾਲਿਮ ਹੀਰੋ ਬਣ ਜਾਂਦਾ ਹੈ ਅਤੇ ਉਹ ਸਜ਼ਾ ਜਿਹੜੀ ਉਹ ਆਪਣੇ ਜੁਰਮਾਂ ਦੀ ਵਜ੍ਹਾ ਨਾਲ ਪਾਉਂਦਾ ਹੈ, ਜਨਤਾ ਦੀ ਹਮਦਰਦੀ ਪਾਉਣ ਦਾ ਕਾਰਣ ਬਣ ਜਾਂਦੀ ਹੈ ਅਤੇ ਇਸਦੇ ਜੁਰਮ ਲੋਕਾਂ ਨੂੰ ਭੁੱਲ ਜਾਂਦੇ ਹਨ। ਪਰ ਇਸਲਾਮ ਦੇ ਬਾਰੇ ਸਾਨੂੰ ਮਨਜ਼ੂਰ ਹੈ ਕਿ ਉਹ ਇਨ੍ਹਾਂ ਝੂਠੇ ਜਜ਼ਬਾਤਾਂ ਦਾ ਧਰਮ ਨਹੀਂ ਹੈ, ਉਹ ਮੁਜਰਿਮ ਨੂੰ ਮੁਜਰਿਮ

ਕ਼ਰਾਰ ਦਿੰਦਾ ਹੈ ਅਤੇ ਉਸਦੀ ਸਜ਼ਾ ਨੂੰ ਮੁਲਕ ਅਤੇ ਸੋਸਾਇਟੀ ਦੇ ਲਈ ਰਹਮਤ ਸਮਝਦਾ ਹੈ। ਉਹ ਇੱਕ ਸੜੇ ਹੋਏ ਅੰਗ ਨੂੰ ਜਿਸਮ ਨਾਲੋਂ ਵੱਢ ਦੇਣ ਦੀ ਸਿੱਖਿਆ ਦਿੰਦਾ ਹੈ ਅਤੇ ਇਸ ਗੱਲ ਦੀ ਉਡੀਕ ਨਹੀਂ ਕਰਦਾ ਕਿ ਇੱਕ ਸੜਾਂਧ ਪੈਦਾ ਕਰਨ ਵਾਲ਼ਾ ਅੰਗ ਚੰਗੇ ਅਤੇ ਤੰਦਰੁਸਤ ਅੰਗਾਂ ਨੂੰ ਵੀ ਖ਼ਰਾਬ ਕਰ ਦੇਵੇ। ਬਾਕ਼ੀ ਰਿਹਾ ਸਜ਼ਾ ਦੇ ਤਰੀਕ਼ੇ ਦਾ ਸਵਾਲ! ਸੋ ਇਸਦੇ ਬਾਰੇ ਦੱਸਿਆ ਜਾ ਚੁੱਕਿਆ ਹੈ ਕਿ ਅਰਬ ਦੇ ਉਸ ਵੇਲ਼ੇ ਦੇ ਹਾਲਾਤਾਂ ਦੇ ਤਹਿਤ ਅਤੇ ਉਸ ਜੰਗ ਦੀ ਹਾਲਤ ਨੂੰ ਦੇਖਦੇ ਹੋਏ, ਜਿਹੜੀ ਉਸ ਵੇਲ਼ੇ ਮੁਸਲਮਾਨਾਂ ਅਤੇ ਯਹੂਦੀਆਂ ਵਿੱਚ ਛਿੜੀ ਹੋਈ ਸੀ, ਜਿਹੜਾ ਤਰੀਕ਼ਾ ਵਰਤਿਆ ਗਿਆ, ਸਮਾਜੀ ਅਮਨ ਦੇ ਲਿਹਾਜ਼ ਨਾਲ਼ ਉਹੀ ਬੇਹਤਰ ਅਤੇ ਸਹੀ ਸੀ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸਦੇ ਹੋਰ ਵਾਕ਼ੇ ਵੀ ਹਨ, ਬਾਕ਼ੀ ਇੰਸ਼ਾ ਅੱਲਾਹ ਬਾਅਦ ਵਿੱਚ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ۞وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ۞عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ۞

ਖ਼ੁਲਾਸਾ ਖ਼ੁਤਬਾ ਜੁਮਆ ਦੇ ਪੰਜਾਬੀ ਅਨੁਵਾਦ ਨੂੰ ਹੋਰ ਸੋਹਣਾ ਬਣਾਉਣ ਲਈ ਆਪਣੇ ਸੁਝਾਅ ਜ਼ਰੂਰ ਦਿਓ।

ਅਨੁਵਾਦਕ ਦਾ ਨੰਬਰ: +91 85285 07262।ਜਜ਼ਾਕੱਲਾਹ।